**ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 7/29/98-5ਪੀ.ਪੀ.1/10729 ਮਿਤੀ 11-8-1998 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।**

*ਵਿਸ਼ਾ :- ਤਿੰਨ ਪਦਤੀ ਸਕੇਲ ਪ੍ਰਾਪਤ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ 8 ਅਤੇ 18 ਸਾਲਾਂ ਬਾਅਦ ਪ੍ਰੋਫੀਸੈਂਸੀ ਸਟੈਪ-ਅੱਪ ਨਾ ਦੇਣ ਬਾਰੇ।*

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਇਸ ਵਿਭਾਗ ਵੱਲੋਂ ਜਾਰੀ ਕੀਤੇ ਗਏ ਗਸ਼ਤੀ ਪੱਤਰ ਨੰ: 7/29/98-5ਪੀ.ਪੀ.1/8824, ਮਿਤੀ 3.7.1998 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਵਿਚ ਆਪ ਜੀ ਨੂੰ ਬੇਨਤੀ ਕੀਤੀ ਗਈ ਸੀ ਕਿ ਇਸ ਵਿਭਾਗ ਵੱਲੋਂ ਜਾਰੀ ਕੀਤੇ ਗਏ ਗਸ਼ਤੀ ਪੱਤਰ ਮਿਤੀ 26.3.1990 ਦੇ ਪੈਰ੍ਹਾ 2 ਅਨੁਸਾਰ ਦਰਜਾ-1 ਅਤੇ ਦਰਜਾ-2 ਦੇ ਅਜਿਹੇ ਅਫਸਰਾਂ ਨੂੰ ਜਿਨ੍ਹਾਂ ਨੂੰ ਤਿੰਨ ਪਦਤੀ ਤਨਖਾਹ ਸਕੇਲ ਤੀਜੇ ਤਨਖਾਹ ਕਮਿਸ਼ਨ ਦੀਆਂ ਸਿਫਾਰਿਸ਼ਾਂ ਅਨੁਸਾਰ ਮਿਲੇ ਹੋਏ ਹਨ, ਨੂੰ ਜੇਕਰ ਪ੍ਰੋਫੀਸੈਂਸੀ ਸਟੈਪ ਅੱਪ ਦਾ ਲਾਭ ਦਿੱਤਾ ਗਿਆ ਹੈ ਤਾਂ ਅਜਿਹਾ ਲਾਭ ਮਿਤੀ 26.3.1990 ਦੀਆਂ ਹਦਾਇਤਾਂ ਦੇ ਵਿਰੁੱਧ ਹੋਣ ਕਰਕੇ ਤੁਰੰਤ ਹੀ ਵਾਪਸ ਲਿਆ ਜਾਵੇ। ਹੁਣ ਕਈ ਵਿਭਾਗਾਂ ਵੱਲੋਂ ਇਹ ਸਪੱਸ਼ਟੀਕਰਨ ਮੰਗਿਆ ਜਾ ਰਿਹਾ ਹੈ ਕਿ ਕੀ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਮਿਤੀ 20.9.1994 ਅਤੇ 10.3.1997 ਦੇ ਸਨਮੁੱਖ ਦਰਜਾ-1 ਅਤੇ ਦਰਜਾ-2 ਦੇ ਜਿਨ੍ਹਾਂ ਅਫਸਰਾਂ ਨੂੰ ਮਿਤੀ 26.3.1990 ਤੋਂ ਪਹਿਲਾਂ ਪ੍ਰਵੀਨਤਾ ਤਰੱਕੀ(ਆਂ) ਦਾ ਲਾਭ ਦਿੱਤਾ ਗਿਆ ਹੈ, ਕੀ ਅਜਿਹੇ ਲਾਭ ਨੂੰ ਵੀ ਵਾਪਸ ਲਿਆ ਜਾਣਾ ਹੈ। ਇਸ ਸਪੱਸ਼ਟੀਕਰਨ ਦੇ ਸਬੰਧ ਵਿਚ ਇਹ ਦੱਸਿਆ ਜਾਂਦਾ ਹੈ ਕਿ ਦਰਜਾ-1 ਅਤੇ ਦਰਜਾ-2 ਦੇ ਅਫਸਰਾਂ, ਜਿਨ੍ਹਾਂ ਨੂੰ ਤਿੰਨ ਪਦਤੀ ਤਨਖਾਹ ਸਕੇਲ ਮਿਲੇ ਹੋਏ ਹਨ, ਨੂੰ ਜੇਕਰ ਹਦਾਇਤਾਂ ਮਿਤੀ 26.3.1990 ਤੋਂ ਬਾਅਦ ਪ੍ਰਵੀਨਤਾ ਤਰੱਕੀ ਦਾ ਲਾਭ ਦਿੱਤਾ ਗਿਆ ਹੈ ਤਾਂ ਕੇਵਲ ਅਜਿਹੇ ਲਾਭ ਨੂੰ ਹੀ ਵਾਪਸ ਲਿਆ ਜਾਣਾ ਹੈ।

2. ਕਿਰਪਾ ਕਰਕੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

**ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 6/27/97-6ਪੀ.ਪੀ.3/10765 ਮਿਤੀ 11-8-1998 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।**

*ਵਿਸ਼ਾ :- ਭਾਰਤ ਸਰਕਾਰ ਦੇ ਪੈਟਰਨ ਤੇ ਪੰਜਾਬ ਰਾਜ ਦੇ ਕਰਮਚਾਰੀਆ ਨੂੰ ਐਲ.ਟੀ.ਸੀ. ਸਹੂਲਤਾਂ ਦੇਣ ਬਾਰੇ।*

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿਚ ਮੈਨੂੰ ਆਪਦਾ ਧਿਆਨ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਭਾਰਤ ਸਰਕਾਰ ਦੇ ਪੈਟਰਨ ਤੇ ਪੰਜਾਬ ਸਰਕਾਰ ਵਲੋਂ ਆਪਣੇ ਸਮੂਹ ਕਰਮਚਾਰੀਆਂ ਲਈ ਐਲ.ਟੀ.ਸੀ. ਸਬੰਧੀ ਹੇਠ ਦਰਸਾਇਆਂ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਗਿਆ ਹੈ।

2. ਐਲ.ਟੀ.ਸੀ. ਲਈ 'ਪਰਿਵਾਰ' ਦਾ ਅਰਥ ਹੈ ਸਰਕਾਰੀ ਕਰਮਚਾਰੀ ਦੀ ਪਤਨੀ ਜਾਂ ਪਤੀ, ਜਿਹੋ ਜਿਹਾ ਕੇਸ ਹੋਵੇ, ਸਰਕਾਰੀ ਕਰਮਚਾਰੀ ਨਾਲ ਰਹਿ ਰਹੀ/ਰਿਹਾ ਹੋਵੇ ਅਤੇ ਦੋ ਜੀਵਤ ਬੱਚੇ ਜਾਂ ਦੋ ਮੱਤਰਏ ਬੱਚੇ ਜੋ ਉਸ ਨਾਲ ਰਹਿ ਰਹੇ ਹੋਣ ਅਤੇ ਪੂਰੀ ਤਰ੍ਹਾਂ ਉਸ ਉਤੇ ਨਿਰਭਰ ਹੋਣ ਅਤੇ ਜਿਸ ਦੀ ਸਾਰੇ ਸਾਧਨਾ ਤੋਂ ਨਿੱਜੀ ਆਮਦਨ 1500/- ਰੁਪਏ ਪ੍ਰਤੀ ਮਹੀਨਾ ਤੋਂ ਵੱਧ ਨਾ ਹੋਵੇ। ਇਸ ਤੋਂ ਇਲਾਵਾ ਮਾਤਾ ਪਿਤਾ, ਮੱਤਰੇਈ ਮਾਂ, ਅਣ-ਵਿਆਹੀਆਂ ਭੈਣਾਂ, ਭਰਾ ਅਤੇ ਸ਼ਾਦੀ ਸ਼ੁਦਾ ਲੜਕੀਆਂ ਜਿਹੜੀਆਂ ਕਿ ਤਲਾਕ ਸ਼ੁਦਾ, ਛੱਡੀਆਂ ਹੋਈਆਂ ਜਾਂ ਆਪਣੇ ਪਤੀਆਂ ਨਾਲੋਂ ਅਲੱਗ ਹੋਕੇ ਰਹਿ ਰਹੀਆਂ ਹੋਣ ਤੇ ਸਰਕਾਰੀ ਕਰਮਚਾਰੀ ਉਪਰ ਪੂਰੀ ਤਰ੍ਹਾਂ ਨਿਰਭਰ ਹੋਣ, ਸ਼ਾਮਿਲ ਹਨ। ਜੇਕਰ ਨਾਲ ਰਹਿ ਰਹੀਆਂ ਵਿਧਵਾ ਭੈਣਾ ਜਿਹੜੀਆਂ ਕਿ ਸਰਕਾਰੀ ਕਰਮਚਾਰੀ ਉਤੇ ਪੂਰੀ ਤਰ੍ਹਾਂ ਨਿਰਭਰ ਹੋਣ (ਬਸ਼ਰਤੇ ਉਹਨਾ ਦਾ ਪਿਤਾ ਜਾਂ ਤਾਂ ਜਿੰਦਾ ਨਹੀਂ ਜਾਂ ਉਹ ਖੁਦ ਸਰਕਾਰੀ ਕਰਮਚਾਰੀ ਉੱਤੇ ਨਿਰਭਰ ਹੋਵੇ) ਵੀ ਸ਼ਾਮਲ ਹਨ।

ਨੋਟ-1 : ਉਪਰੋਕਤ ਦੱਸੇ ਅਨੁਸਾਰ ਦੋ ਜੀਵਤ ਬੱਚਿਆਂ ਦੀ ਬੰਦਸ਼ ਸਰਕਾਰੀ ਕਰਮਚਾਰੀ ਦੇ ਮੌਜੂਦਾ ਬੱਚਿਆਂ ਅਤੇ ਇਕ ਸਾਲ ਦੇ ਅੰਦਰ-ਅੰਦਰ ਪੈਦਾ ਹੋਏ ਬੱਚੇ ਅਤੇ ਇਕ ਬੱਚੇ ਤੋਂ ਬਾਅਦ ਹੋਰ ਪੈਦਾ ਹੋਏ ਬੱਚਿਆਂ ਦੇ ਸਬੰਧ ਵਿਚ ਵੀ ਲਾਗੂ ਨਹੀਂ ਹੋਵੇਗੀ।

ਨੋਟ-2 :- ਇਹਨਾਂ ਨਿਯਮਾਂ ਦੇ ਮੰਤਵ ਲਈ "ਪਰਿਵਾਰ ਦੀ ਪ੍ਰੀਭਾਸ਼ਾ" ਵਿਚ ਕੇਵਲ ਇਕੋ ਪਤਨੀ ਦੀ ਸ਼ਰਤ ਹੈ।